International Journal for Multidisciplinary Research (IJFMR)
E-ISSN: 2582-2160 ● Website: www.ijfmr.com ● Email: editor@ijfmr.com

# ਪੂਰਨ ਭਗਤ ਦੀ ਕਥਾ ਸੰਬੰਧੀ ਹੋਏ ਖੋਜ ਕਾਰਜਾਂ ਦਾ ਵਿਸ਼ਲੇਸ਼ਣ ਤੇ ਮੁਲਾਂਕਣ

**ਕਿਰਨਦੀਪ ਕੌਰ (ਖੋਜਾਰਥੀ)**

ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਅਬਸਟ੍ਰੈਕਟ(Abstract) :**

ਸਾਹਿਤ ਦੇ ਖੇਤਰ ਵਿੱਚ ਕੀਤੀ ਗਈ ਖੋਜ ਨੂੰ ਦੋ ਆਧਾਰਾਂ ’ਤੇ ਵੰਡ ਕੇ ਦੇਖਿਆ ਜਾਂਦਾ ਹੈ- ਉਪਾਧੀ ਨਿਰਪੇਖ ਖੋਜ-ਕਾਰਜ ਅਤੇ ਉਪਾਧੀ ਸਾਪੇਖ ਖੋਜ-ਕਾਰਜ। ਕਿਸੇ ਉਪਾਧੀ ਜਾਂ ਡਿਗਰੀ ਦੀ ਪ੍ਰਾਪਤੀ ਦੇ ਮਨੋਰਥ ਤੋਂ ਬਿਨ੍ਹਾਂ ਕੀਤਾ ਗਿਆ ਖੋਜ-ਕਾਰਜ ਉਪਾਧੀ ਨਿਰਪੇਖ ਖੋਜ-ਕਾਰਜ ਕਹਾਉਂਦਾ ਹੈ ਜਦਕਿ ਡਿਗਰੀ ਦੀ ਪ੍ਰਾਪਤੀ ਲਈ ਕੀਤਾ ਖੋਜ-ਕਾਰਜ ਉਪਾਧੀ ਸਾਪੇਖ ਖੋਜ-ਕਾਰਜ ਹੈ। ਉਪਾਧੀ ਨਿਰਪੇਖ ਖੋਜ ਬਿਨ੍ਹਾਂ ਕਿਸੇ ਡਿਗਰੀ ਪ੍ਰਾਪਤੀ ਦੇ ਆਸ਼ੇ ਤੋਂ ਨਿਰੋਲ ਸੇਵਾ ਭਾਵਨਾ ਨਾਲ ਕੀਤੀ ਗਈ ਖੋਜ ਹੈ। ਜਿਸ ਵਿੱਚ ਪੰਜਾਬੀ ਸਾਹਿਤ ਨਾਲ ਜੁੜੀ ਸਮੱਗਰੀ ਦਾ ਇਕੱਤਰੀਕਰਨ, ਸੰਪਾਦਨ ਅਤੇ ਸਮੀਖਿਆ ਕਰਨ ਦਾ ਕਾਰਜ ਹੁੰਦਾ ਹੈ। ਉਪਾਧੀ ਸਾਪੇਖ ਖੋਜ-ਕਾਰਜ ਦੇ ਪੰਜਾਬੀ ਸਾਹਿਤ ਅੰਦਰ ਜਨਮ ਨੂੰ ਵਾਚੀਏ ਤਾਂ ਡਾ. ਧਰਮ ਸਿੰਘ ਇਸ ਸੰਬੰਧੀ ਆਪਣੀ ਪੁਸਤਕ ਵਿੱਚ ਲਿਖਦੇ ਹਨ, “ਉਪਾਧੀ ਸਾਪੇਖ ਖੋਜ ਦਾ ਮੁੱਢ ਬਨਾਰਸੀ ਦਾਸ ਜੈਨ ਦੇ ਖੋਜ-ਪ੍ਰਬੰਧ Phonology of Punjabi as spoken about Ludhiana (1926) ਨਾਲ ਬੱਝਾ। ਪਿੱਛੋਂ ਡਾ. ਲਾਜਵੰਤੀ ਰਾਮਾ ਕ੍ਰਿਸ਼ਨਾ ਦੇ Punjabi Sufi poets (1932), ਡਾ. ਮੋਹਨ ਸਿੰਘ ਦੀਵਾਨਾ ਦੇ History of Punjabi literature (1933), ਡਾ. ਸ਼ੇਰ ਸਿੰਘ ਦੇ Philosophy of Sikhism (1938) ਅਤੇ ਡਾ. ਗੋਪਾਲ ਸਿੰਘ ਦਰਦੀ ਦੇ New trends in Punjabi literature (1943) ਨਾਲ ਅੱਗੇ ਵੱਧਿਆ।”[1]

ਵੱਖ-ਵੱਖ ਆਲੋਚਨਾ ਦ੍ਰਿਸ਼ਟੀਆਂ ਦੇ ਤਹਿਤ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਬਹੁਤ ਸਾਰੇ ਖੋਜ-ਕਾਰਜ ਪ੍ਰਾਪਤ ਹੁੰਦੇ ਹਨ। ਯੂਨੀਵਰਸਿਟੀ ਪੱਧਰ ’ਤੇ ਖੋਜ-ਪ੍ਰਬੰਧ ਅਤੇ ਖੋਜ-ਨਿਬੰਧ ਖੋਜਾਰਥੀ ਦੁਆਰਾ ਕੀਤੀ ਖੋਜ ਦਾ ਲਿਖਤੀ ਵਿਵਰਣ ਹੁੰਦਾ ਹੈ। ਖੋਜ-ਨਿਬੰਧ ਜਾਂ ਪ੍ਰਬੰਧ ਅੰਦਰ ਇਕ ਨਿਸਚਿਤ ਵਿਧੀ ਦੇ ਤਹਿਤ ਆਪਣੀ ਖੋਜ ਨੂੰ ਇਕ ਮੁਕਾਮ ਪ੍ਰਦਾਨ ਕਰਵਾਇਆ ਜਾਂਦਾ ਹੈ। ਇਕ ਨਿਸ਼ਚਿਤ ਆਕਾਰ ਵਿੱਚ ਬੱਝਿਆ, ਸੁਚੱਜਾ ਵਿਚਾਰ ਵਿਵਰਣ, ਤਰਕ ’ਤੇ ਆਧਾਰਿਤ ਅਤੇ ਖੋਜ ਦੇ ਨੇਮਾਂ ਅਨੁਸਾਰ ਢੁਕਵਾਂ ਅਤੇ ਮੌਲਿਕ ਵਿਚਾਰਾਂ ਦਾ ਸੰਗ੍ਰਹਿ ਹੀ ਖੋਜ ਦੀ ਸਾਰਥਿਕ ਸਮੱਗਰੀ ਉਪਲੱਬਧ ਕਰਵਾ ਸਕਦਾ ਹੈ। ਵੱਖ-ਵੱਖ ਯੂਨੀਵਰਸਿਟੀਆਂ ਅੰਦਰ ਪੂਰਨ ਭਗਤ ਦੀ ਕਥਾ ਸੰਬੰਧੀ ਬਹੁਤ ਸਾਰਾ ਖੋਜ-ਕਾਰਜ ਹੋਇਆ ਮਿਲਦਾ ਹੈ ਜੋ ਐੱਮ.ਫਿਲ ਅਤੇ ਪੀਐੱਚ.ਡੀ. ਦੇ ਪੱਧਰ ਉੱਤੇ ਪ੍ਰਾਪਤ ਹੁੰਦਾ ਹੈ। ਇਸ ਪਰਚੇ ਵਿੱਚ ਅਸੀਂ ਪੂਰਨ ਭਗਤ ਦੀ ਕਥਾ ਦੀ ਪੁਨਰ ਵਿਆਖਿਆ ਸੰਬੰਧੀ ਹੋਏ ਉਪਾਧੀ ਸਾਪੇਖ ਕਾਰਜਾਂ ਦਾ ਨਿਰੀਖਣ ਪਰਖਣ ਕਰਾਂਗੇ।

**ਕੀਵਰਡਸ(Keywords) :** ਪੂਰਨ ਭਗਤ, ਪੰਜਾਬੀ ਲੋਕ-ਸਾਹਿਤ,ਕਿੱਸਾ ਸਾਹਿਤ, ਪੁਨਰ-ਸਿਰਜਣ, ਸੰਸਕ੍ਰਿਤਿਕ ਅਧਿਐਨ, ਖੋਜ ਕਾਰਜ, ਸਮੀਖਿਆਤਮਕ ਵਿਸ਼ਲੇਸ਼ਣ

**ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਧੀਨ ਹੋਇਆ ਖੋਜ-ਕਾਰਜ (ਖੋਜ ਪ੍ਰਬੰਧ)**

**ਪੰਜਾਬੀ ਨਾਟਕਾਂ ਵਿਚ ਲੋਕ-ਕਥਾਵਾਂ ਦਾ ਪੁਨਰ-ਸਿਰਜਣ 1900-1986 ਈਸਵੀਂ ਤੱਕ**

**ਖੋਜਾਰਥੀ ਗੁਰਮੀਤ ਸਿੰਘ** **ਨਿਗਰਾਨ ਡਾ. ਤ੍ਰਿਲੋਕ ਸਿੰਘ ਆਨੰਦ**

ਪੰਜਾਬੀ ਨਾਟਕ ਵਿਚ ਲੋਕ-ਕਥਾਵਾਂ ਦਾ ਪੁਨਰ-ਸਿਰਜਣ (1900 ਤੋਂ 1986 ਤੱਕ) ਵਿਸ਼ੇ 'ਤੇ ਗੁਰਮੀਤ ਸਿੰਘ ਦੁਆਰਾ ਤ੍ਰਿਲੋਕ ਸਿੰਘ ਆਨੰਦ ਦੀ ਅਗਵਾਈ ਅਧੀਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ 1990 ਵਿੱਚ ਪੀਐੱਚ.ਡੀ. ਦਾ ਖੋਜ-ਕਾਰਜ ਕੀਤਾ ਗਿਆ ਜਿਸਨੂੰ ਖੋਜਾਰਥੀ ਨੇ ਛੇ ਅਧਿਆਇਆਂ ਵਿੱਚ ਵੰਡ ਕੇ 1900 ਤੋਂ 1986 ਈ. ਤੱਕ ਦੇ ਪੰਜਾਬੀ ਵਿੱਚ ਪ੍ਰਕਾਸ਼ਿਤ ਨਾਟਕਾਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਖੋਜ-ਪ੍ਰਬੰਧ ਦਾ ਪਹਿਲਾ ਅਧਿਆਇ ਲੋਕ-ਕਥਾ ਪਰਿਭਾਸ਼ਾ, ਸਰੂਪ, ਵਰਗੀਕਰਨ ਅਤੇ ਪਰੰਪਰਾ ਹੈ ਜਿਸ ਵਿੱਚ ਲੋਕ-ਕਥਾ ਸ਼ਬਦ ਦੀ ਵਿਉਂਤਪਤੀ ਅਤੇ ਪਰਿਭਾਸ਼ਾ ਨੂੰ ਨਿਰਧਾਰਿਤ ਕਰਦੇ ਹੋਏ ਇਸ ਦੀ ਬਣਤਰ, ਵੰਨਗੀਆਂ ਅਤੇ ਪਰੰਪਰਾ ਬਾਰੇ ਵਿਆਖਿਆ ਕੀਤੀ ਗਈ ਹੈ। ਦੂਜੇ ਅਧਿਆਇ ਦੇ ਦੋ ਭਾਗ ਕੀਤੇ ਗਏ ਹਨ, ਪਹਿਲੇ ਭਾਗ ਵਿੱਚ ਪੁਨਰ ਸਿਰਜਣ ਸ਼ਬਦ ਦੀ ਵਿਉਂਤਪਤੀ ਤੇ ਪਰਿਭਾਸ਼ਾ ਨੂੰ ਨਿਰਧਾਰਿਤ ਕੀਤਾ ਗਿਆ ਹੈ। ਦੂਜੇ ਭਾਗ ਵਿੱਚ ਪੰਜਾਬੀ ਸਾਹਿਤ ਵਿੱਚ ਲੋਕ-ਕਥਾਵਾਂ ਦਾ ਪੁਨਰ ਸਿਰਜਣਾ ਸੰਬੰਧੀ ਵਿਚਾਰ ਕੀਤਾ ਗਿਆ ਹੈ। ਖੋਜ-ਪ੍ਰਬੰਧ ਦਾ ਤੀਜਾ ਅਧਿਆਇ ਪੰਜਾਬੀ ਨਾਟਕ ਸਾਹਿਤ ਸੰਖੇਪ ਸਰਵੇਖਣ ਲੋਕ-ਕਥਾਵਾਂ ਦੇ ਪੁਨਰ ਸਿਰਜਣ ਦੇ ਸੰਦਰਭ ਵਿੱਚ ਹੈ। ਚੌਥਾ ਅਧਿਆਇ ਪੰਜਾਬੀ ਨਾਟਕਾਂ ਵਿੱਚ ਪੰਜਾਬੀ ਲੋਕ-ਕਥਾਵਾਂ ਦਾ ਪੁਨਰ ਸਿਰਜਣ ਹੈ। ਇਸ ਅਧਿਆਇ ਦੇ ਦੋ ਭਾਗ ਹਨ, ਭਾਗ ਪਹਿਲਾ ਵਿੱਚ ਪੰਜਾਬੀ ਪ੍ਰੀਤ ਕਥਾਵਾਂ 'ਤੇ ਅਧਾਰਿਤ ਨਾਟਕਾਂ ਦਾ ਗੰਭੀਰ ਅਧਿਐਨ ਕੀਤਾ ਗਿਆ ਹੈ। ਭਾਗ ਦੂਜਾ ਵਿੱਚ ਫੁਟਕਲ ਪੰਜਾਬੀ ਲੋਕ-ਕਥਾਵਾਂ 'ਤੇ ਅਧਾਰਿਤ ਨਾਟਕਾਂ ਨੂੰ ਪੁਨਰ ਸਿਰਜਣ ਦ੍ਰਿਸ਼ਟੀ ਤੋਂ ਵਿਚਾਰਿਆ ਗਿਆ ਹੈ। ਇਸ ਖੋਜ-ਪ੍ਰਬੰਧ ਦਾ ਪੰਜਵਾਂ ਅਧਿਆਇ ਪੰਜਾਬੀ ਨਾਟਕਾਂ ਵਿੱਚ ਭਾਰਤੀ ਲੋਕ-ਕਥਾਵਾਂ ਦਾ ਪੁਨਰ ਸਿਰਜਣ ਹੈ। ਇਸ ਅਧਿਆਇ ਨੂੰ ਦੋ ਭਾਗਾਂ ਵਿੱਚ ਵੰਡਿਆਂ ਗਿਆ ਹੈ, ਭਾਗ ਪਹਿਲਾ ਵਿੱਚ ਭਾਰਤੀ ਮਿੱਥ ਕਥਾਵਾਂ 'ਤੇ ਆਧਾਰਿਤ ਨਾਟਕਾਂ ਦਾ ਅਧਿਐਨ ਕੀਤਾ ਗਿਆ ਹੈ। ਭਾਗ ਦੂਜਾ ਵਿੱਚ ਭਾਰਤੀ ਫੁੱਟਕਲ ਲੋਕ-ਕਥਾਵਾਂ 'ਤੇ ਅਧਾਰਿਤ ਨਾਟਕਾਂ ਦੀ ਵਿਆਖਿਆ ਪੁਨਰ ਸਿਰਜਣਾ ਦੇ ਪੱਖ ਤੋਂ ਕੀਤੀ ਗਈ ਹੈ। ਅਧਿਆਇ ਛੇਵਾਂ ਪੰਜਾਬੀ ਨਾਟਕਾਂ ਵਿੱਚ ਵਿਦੇਸ਼ੀ ਲੋਕ-ਕਥਾਵਾਂ ਦਾ ਪੁਨਰ ਸਿਰਜਣ ਨਾਲ ਸੰਬੰਧਿਤ ਹੈ। ਇਸ ਵਿੱਚ ਵਿਦੇਸ਼ੀ ਪ੍ਰੀਤ ਕਥਾਵਾਂ 'ਤੇ ਆਧਾਰਿਤ ਨਾਟਕਾਂ ਦਾ ਪੁਨਰ ਸਿਰਜਣ ਦੀ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਗਿਆ ਹੈ। ਲੇਖਕ ਅਨੁਸਾਰ, "ਲੋਕ ਕਥਾਵਾਂ ਦਾ ਪੁਨਰ ਸਿਰਜਣ ਉਂਜ ਤਾਂ ਸਾਹਿਤ ਦੇ ਕਿਸੇ ਵੀ ਵਿਧਾ ਵਿੱਚ ਸੰਭਵ ਹੈ ਪਰੰਤੂ ਨਾਟਕ ਰਾਹੀਂ ਕੀਤਾ ਗਿਆ ਪੁਨਰ ਸਿਰਜਣ ਵਧੇਰੇ ਪ੍ਰਭਾਵਸ਼ਾਲੀ ਹੈ।''[2]

**ਪੂਰਨ ਭਗਤ ਦੀ ਦੰਤ-ਕਥਾ 'ਤੇ ਅਧਾਰਿਤ ਸਾਹਿਤ ਵਿੱਚ ਸੱਭਿਆਚਾਰਕ ਕੀਮਤ-ਪ੍ਰਬੰਧ (ਕਾਦਰਯਾਰ ਰਚਿਤ ਕਿੱਸਾ ਪੂਰਨ ਭਗਤ, ਪ੍ਰੋ. ਪੂਰਨ ਸਿੰਘ ਰਚਿਤ ਪੂਰਨ ਨਾਥ ਜੋਗੀ ਅਤੇ ਸ਼ਿਵ ਕੁਮਾਰ ਰਚਿਤ ਲੂਣਾ ਦੇ ਵਿਸ਼ੇਸ਼ ਪ੍ਰਸੰਗ ਵਿੱਚ)**

**ਖੋਜਾਰਥੀ ਜਗਜੀਵਨ ਸਿੰਘ** **ਨਿਗਰਾਨ ਡਾ. ਨਰਿੰਦਰ ਸਿੰਘ ਕਪੂਰ**

ਖੋਜਾਰਥੀ ਦੁਆਰਾ ਇਹ ਖੋਜ-ਪ੍ਰਬੰਧ ਸੰਨ 1999 ਵਿੱਚ ਪੰਜ ਅਧਿਆਇਆਂ ਵਿੱਚ ਵੰਡ ਕੇ ਕੀਤਾ ਗਿਆ ਹੈ, ਪਹਿਲੇ ਅਧਿਆਇ ਵਿੱਚ ਸੱਭਿਆਚਾਰਕ ਕਦਰਾਂ-ਕੀਮਤਾਂ ਦੇ ਵਿਭਿੰਨ ਮਨੋ ਜੈਵਿਕ ਸੰਸਥਾਵੀ ਅਤੇ ਗਿਆਨ ਸ਼ਾਸਤਰੀ ਨਿਰਧਾਰਕਾਂ ਅਤੇ ਦਿਸ਼ਾ ਨਿਰਦੇਸ਼ਕਾਂ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਇਹਨਾਂ ਦੇ ਇੱਕ ਜੁੱਟ ਤ੍ਰੈ ਪੱਖੀ ਸਰੂਪ ਨੂੰ ਵਿਵਹਾਰਿਕ ਪੱਧਰ ’ਤੇ ਉਲੀਕਦਿਆਂ ਆਪਣੇ ਖੋਜ-ਕਾਰਜ ਲਈ ਸੱਭਿਆਚਾਰਕ ਕੀਮਤ-ਪ੍ਰਬੰਧ ਸਿਧਾਂਤਿਕ ਪਰਿਪੇਖ ਸਿਰਲੇਖ ਹੇਠ ਬੁਨਿਆਦੀ ਸਿਧਾਂਤਕ ਚੌਖਟਾ ਤਿਆਰ ਕੀਤਾ ਗਿਆ ਹੈ। ਦੂਜੇ ਅਧਿਆਇ ਦੇ ਪਹਿਲੇ ਭਾਗ ਵਿੱਚ ਪੂਰਨ ਭਗਤ ਦੀ ਦੰਤ ਕਥਾ ਨੂੰ ਕੇਂਦਰ ਵਿੱਚ ਰੱਖ ਕੇ ਆਧੁਨਿਕ ਪੰਜਾਬੀ ਸਾਹਿਤ ਚਿੰਤਨ ਵਿੱਚ ਮੌਖਿਕ ਪਰੰਪਰਾਵਾਂ ਅਤੇ ਸਮੁੱਚੇ ਸੱਭਿਆਚਾਰਕ ਵਿਰਸੇ ਦੀ ਮਹੱਤਤਾ, ਭੂਮਿਕਾ ਅਤੇ ਥਾਂ ਨਿਸ਼ਚਿਤ ਕੀਤੀ ਗਈ ਹੈ। ਦੂਜੇ ਭਾਗ ਵਿੱਚ ਬਿਰਤਾਂਤ ਨੂੰ ਭਾਸ਼ਾ ਵਾਂਗ ਇੱਕ ਸਰਬ ਵਿਆਪਕ ਵਰਤਾਰਾ ਅਤੇ ਇੱਕ ਪ੍ਰਕਾਰ ਦੀ ਪ੍ਰਗਟਾਅ ਵਿਧੀ ਮੰਨਦਿਆਂ ਸਾਡੇ ਜੀਵਨ ਅੰਦਰ ਲੋਕ ਬਿਰਤਾਂਤਾਂ ਦੀ ਬੁਨਿਆਦੀ ਸਾਰਥਿਕਤਾ ਅਤੇ ਮਹੱਤਤਾ ਨੂੰ ਉਜਾਗਰ ਕੀਤਾ ਗਿਆ ਹੈ। ਤੀਜੇ ਭਾਗ ਵਿੱਚ ਪੂਰਨ ਭਗਤ ਦੀ ਕਥਾ ਦੇ ਮਿਲਦੇ ਵਿਭਿੰਨ ਰੂਪਾਂਤਰਾਂ ਨੂੰ ਲੋਕ ਸਾਹਿਤ ਸ਼ਾਸਤਰ ਦੇ ਅੰਤਰਗਤ ਸਥਾਪਿਤ ਸਭਿਆਚਾਰਕ ਸੁਹਜ ਸ਼ਾਸਤਰੀ ਮਿਆਰਾਂ ਦੀ ਕਸਵੱਟੀ ਉੱਪਰ ਪਰਖਦਿਆਂ ਹੋਰਨਾਂ ਪੇਸ਼ਕਾਰੀਆਂ ਦੇ ਮੁਕਾਬਲੇ ਕਾਦਰਯਾਰ ਦੁਆਰਾ ਪੇਸ਼ ਕਿੱਸਾ ਪੂਰਨ ਭਗਤ ਦੇ ਵਧੇਰੇ ਕਲਾਮਈ ਡੂੰਘੇ ਟੂੰਬਵੇ ਚਿਰੰਜੀਵੀ ਪਰਿਪੂਰਨ ਅਤੇ ਪ੍ਰਵਾਨ ਯੋਗ ਹੋਣ ਦਾ ਸਹਿਜ ਭਾਵੀ ਤਰਕ ਉਸਾਰਿਆ ਗਿਆ ਹੈ। ਚੌਥੇ ਭਾਗ ਵਿੱਚ ਸਾਹਿਤਕ ਪੁਨਰ ਸਿਰਜਣਾ ਅਤੇ ਸੱਭਿਆਚਾਰਕ ਕੀਮਤਾਂ ਦੇ ਰੂਪਾਂਤਰਨ ਦੇ ਆਪਸੀ ਅੰਤਰ ਕਿਰਿਆਵੀ ਰਿਸ਼ਤੇ ਦਾ ਵਿਵੇਕ ਸਿਰਜਿਆ ਗਿਆ ਹੈ। ਖੋਜ-ਪ੍ਰਬੰਧ ਦਾ ਤੀਜਾ, ਚੌਥਾ ਤੇ ਪੰਜਵਾਂ ਅਧਿਆਇ ਪੂਰਨ ਭਗਤ ਦੀ ਦੰਤ ਕਥਾ ਨੂੰ ਕਾਵਿਕ ਬਿਰਤਾਂਤ ਵਿੱਚ ਮੁੜ ਰੁਪਾਂਤਰਿਤ ਜਾਂ ਪੁਨਰ ਸਿਰਜਿਤ ਕਰ ਰਹੀਆਂ ਵੱਖੋ-ਵੱਖਰੇ ਇਤਿਹਾਸਿਕ ਦੌਰ ਦੇ ਰਚਨਾਕਾਰਾਂ ਕਾਦਰਯਾਰ, ਪ੍ਰੋ. ਪੂਰਨ ਸਿੰਘ ਅਤੇ ਸ਼ਿਵ ਬਟਾਲਵੀ ਦੀਆਂ ਵਿਚਾਰਧੀਨ ਤਿੰਨ ਰਚਨਾਵਾਂ ਕਿੱਸਾ ਪੂਰਨ ਭਗਤ, ਪੂਰਨ ਨਾਥ ਜੋਗੀ ਅਤੇ ਲੂਣਾ ਦੇ ਨਿਕਟ ਪਾਠਗਤ ਅਧਿਐਨ ਨੂੰ ਸਮਰਪਿਤ ਹੈ। ਇਹਨਾਂ ਅਧਿਆਇਆਂ ਵਿੱਚ ਰਚਨਾਵਾਂ ਦਾ ਡੂੰਘਾ ਪਾਠਗਤ ਅਧਿਐਨ ਕਰਦਿਆਂ ਇਸ ਅੰਤਰ ਸੂਝ ਨੂੰ ਵਿਸ਼ੇਸ਼ ਤੌਰ ’ਤੇ ਧਿਆਨਗੋਚਰ ਰੱਖਿਆ ਗਿਆ ਹੈ ਕਿ ਵਿਗਿਆਨ ਦੇ ਵਿਪਰੀਤ ਕਲਾ ਦਾ ਸੱਚ ਪੁਰਾਣਾ ਨਹੀਂ ਪੈਂਦਾ।

**ਪੰਜਾਬੀ ਨਾਟਕ ਵਿਚ ਪੂਰਨ ਦੀ ਕਥਾ ( ਖੋਜ-ਨਿਬੰਧ )**

**ਖੋਜਾਰਥੀ ਚਿਰਾਗ ਦੀਨ (ਅਨਵਰ ਚਿਰਾਗ)** **ਨਿਗਰਾਨ ਡਾ. ਸਤੀਸ਼ ਕੁਮਾਰ ਵਰਮਾ**

ਪੰਜਾਬੀ ਨਾਟਕ ਵਿੱਚ ਪੂਰਨ ਦੀ ਕਥਾ ਵਿਸ਼ੇ ਤਹਿਤ ਖੋਜਾਰਥੀ ਚਿਰਾਗਦੀਨ (ਅਨਵਰ ਚਿਰਾਗ) ਦੁਆਰਾ ਸਤੀਸ਼ ਕੁਮਾਰ ਵਰਮਾ ਦੀ ਨਿਗਰਾਨੀ ਹੇਠ 1990-91 ਵਿੱਚ ਐੱਮ.ਫਿਲ. ਦਾ ਖੋਜ-ਕਾਰਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤਾ ਗਿਆ। ਖੋਜਾਰਥੀ ਨੇ ਆਪਣੇ ਖੋਜ-ਕਾਰਜ ਨੂੰ ਤਿੰਨ ਅਧਿਆਇ ਵਿੱਚ ਵੰਡ ਕੇ ਲੋਕ-ਕਥਾ ਉਸਦੀ ਅਹਿਮੀਅਤ ਅਤੇ ਪੂਰਨ ਦੀ ਕਥਾ ਦਾ ਸੰਖਿਪਤ ਪ੍ਰੰਪਰਾਗਤ ਸਰਬ ਪ੍ਰਵਾਨਿਤ ਰੂਪ ਪੇਸ਼ ਕੀਤਾ ਹੈ। ਦੂਜੇ ਅਧਿਆਇ ਵਿੱਚ ਲੋਕ-ਕਥਾ ਨਾਲ ਸੰਬੰਧਿਤ ਪ੍ਰਕਾਸ਼ਿਤ ਨਾਟ-ਰਚਨਾਵਾਂ ਦਾ ਪ੍ਰੰਪਰਿਕ ਕਥਾ ਦੀ ਮੂਲ ਭਾਵਨਾ ਨੂੰ ਧਿਆਨ ਵਿੱਚ ਰੱਖਦਿਆਂ ਵਿਭਿੰਨ ਪਹਿਲੂਆਂ ਤੋਂ ਅਧਿਐਨ ਕੀਤਾ ਗਿਆ ਹੈ। ਤੀਜੇ ਅਧਿਆਇ ਵਿੱਚ ਪ੍ਰਗਟਾਅ ਜੁਗਤਾਂ ਦੀ ਪੇਸ਼ਕਾਰੀ ਹੋਈ ਹੈ ਜਿਹੜੀਆਂ ਪੂਰਨ ਦੀ ਲੋਕ-ਕਥਾ ਵਿੱਚ ਨਵੀਨ ਅਰਥਾਂ ਦਾ ਪ੍ਰਗਟਾਅ ਕਰਦੀਆਂ ਹਨ।

**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਧੀਨ ਹੋਇਆ ਖੋਜ-ਕਾਰਜ (ਖੋਜ ਪ੍ਰਬੰਧ)**

**ਕਥਾ ਪੂਰਨ ਭਗਤ ਦਾ ਬਿਰਤਾਂਤ ਸ਼ਾਸਤਰੀ ਅਧਿਐਨ (ਕਾਦਰਯਾਰ ਰਚਿਤ ਕਿੱਸਾ ਪੂਰਨ ਭਗਤ, ਪ੍ਰੋ. ਪੂਰਨ ਸਿੰਘ ਰਚਿਤ ਪੂਰਨ ਨਾਥ ਜੋਗੀ ਅਤੇ ਸ਼ਿਵ ਕੁਮਾਰ ਰਚਿਤ ਲੂਣਾ ਦੇ ਵਿਸ਼ੇਸ਼ ਸੰਦਰਭ ਵਿੱਚ)**

**ਖੋਜਾਰਥੀ ਅਮਨਦੀਪ ਵਾਤਿਸ਼** **ਨਿਗਰਾਨ ਰਘਬੀਰ ਸਿੰਘ**

ਖੋਜਾਰਥੀ ਦੁਆਰਾ ਇਹ ਖੋਜ-ਪ੍ਰਬੰਧ ਸੰਨ 2002 ਵਿੱਚ ਚਾਰ ਅਧਿਆਇਆਂ ਵਿੱਚ ਵੰਡ ਕੇ ਸੰਪੂਰਨ ਕੀਤਾ ਗਿਆ ਹੈ। ਇਸ ਅਧਿਐਨ ਦੇ ਪਹਿਲੇ ਅਧਿਆਇ ਵਿੱਚ ਬਿਰਤਾਂਤ ਸ਼ਾਸਤਰੀ ਪਰਿਪੇਖ ਦੀ ਉਸਾਰੀ ਕੀਤੀ ਗਈ ਹੈ। ਜਿਸ ਵਿੱਚ ਸੰਸਾਰ ਪ੍ਰਸਿੱਧ ਬਿਰਤਾਂਤ ਸ਼ਾਸਤਰੀਆਂ/ਉੱਤਰ ਆਧੁਨਿਕ ਬਿਰਤਾਂਤ ਸ਼ਾਸਤਰੀਆਂ ਦੀਆਂ ਮਿਆਰੀ ਪੁਸਤਕਾਂ ਤੋਂ ਲਾਭ ਉਠਾਇਆ ਗਿਆ ਹੈ। ਬਿਰਤਾਂਤ ਦੀ ਪਰਿਭਾਸ਼ਾ, ਬਿਰਤਾਂਤਕਤਾ, ਘਟਨਾਵਾਂ, ਬਿਰਤਾਂਤਕ ਸਮਾਂ, ਬਿਰਤਾਂਤਕ ਸਥਾਨ, ਬਿਰਤਾਂਤਕ ਪਾਤਰ, ਬਿਰਤਾਂਤਕ ਵਿਆਕਰਨ, ਬਿਰਤਾਂਤਕ ਫੋਕਸੀਕਰਨ ਆਦਿ ਅਨੇਕਾਂ ਪਹਿਲੂਆਂ ਸੰਬੰਧੀ ਨਿੱਠ ਕੇ ਵਿਚਾਰ ਕੀਤੀ ਗਈ ਹੈ। ਦੂਜੇ ਅਧਿਆਇ ਵਿੱਚ ਕਾਦਰਯਾਰ ਰਚਿਤ ਪੂਰਨ ਭਗਤ, ਤੀਜੇ ਅਧਿਆਇ ਵਿੱਚ ਪ੍ਰੋ. ਪੂਰਨ ਸਿੰਘ ਦੁਆਰਾ ਰਚਿਤ ਪੂਰਨ ਨਾਥ ਜੋਗੀ ਅਤੇ ਚੌਥੇ ਅਧਿਆਇ ਵਿੱਚ ਸ਼ਿਵ ਕੁਮਾਰ ਦੁਆਰਾ ਰਚਿਤ ਲੂਣਾ ਦਾ ਬਿਰਤਾਂਤ ਸ਼ਾਸਤਰੀ ਦ੍ਰਿਸ਼ਟੀ ਤੋਂ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ।

**ਪੂਰਨ-ਲੂਣਾ ਮਿੱਥ ਬਾਰੇ ਪ੍ਰਾਪਤ ਪੰਜਾਬੀ ਕਾਵਿ ਵਿੱਚ ਔਰਤ ਦੀ ਹੋਂਦ ਦੇ ਮਸਲੇ (ਕਾਦਰਯਾਰ, ਪ੍ਰੋ. ਪੂਰਨ ਸਿੰਘ, ਪ੍ਰੋ. ਦੀਦਾਰ ਸਿੰਘ, ਸ਼ਿਵ ਕੁਮਾਰ ਅਤੇ ਇਕਬਾਲ ਰਾਮੂਵਾਲੀਆ ਦੇ ਹਵਾਲੇ ਨਾਲ)**

**ਖੋਜਾਰਥੀ ਹਰਪਿੰਦਰ ਕੌਰ** **ਨਿਗਰਾਨ ਭੁਪਿੰਦਰ ਸਿੰਘ**

ਖੋਜਾਰਥੀ ਦੁਆਰਾ ਇਹ ਖੋਜ-ਪ੍ਰਬੰਧ ਸੰਨ 2016 ਵਿੱਚ ਪ੍ਰਣਾਲੀਗਤ ਅਤੇ ਨਿਯਮਬੱਧ ਤਰੀਕੇ ਲਈ ਸੱਤ ਅਧਿਆਇਆਂ ਅਧੀਨ ਵੰਡ ਕੇ ਸੰਪੂਰਨ ਕੀਤਾ ਗਿਆ ਹੈ। ਅਧਿਆਇ ਪਹਿਲਾ ਮਿੱਥ ਮਨੁੱਖੀ ਮਨ (ਅਵਚੇਤਨ) ਅਤੇ ਸਾਹਿਤ ਸਿਧਾਂਤਕ ਪੱਖ ਨਿਸ਼ਚਿਤ ਕੀਤਾ ਗਿਆ ਹੈ। ਜਿਸ ਵਿੱਚ ਵੱਖ-ਵੱਖ ਵਿਦਵਾਨਾਂ ਦੇ ਚਿੰਤਨ ਦਾ ਵਿਸ਼ਲੇਸ਼ਣ ਕਰਦਿਆਂ ਮਿੱਥ ਦੀ ਪਰਿਭਾਸ਼ਾ, ਸਰੂਪ ਅਤੇ ਕਾਰਜ ਖੇਤਰ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਗਿਆ ਹੈ। ਅਧਿਆਇ ਦੂਜਾ ਪੂਰਨ-ਲੂਣਾ ਮਿੱਥ ਅਤੇ ਪੰਜਾਬੀ ਸਾਹਿਤ ਨਿਰਧਾਰਿਤ ਕੀਤਾ ਗਿਆ ਹੈ। ਜਿਸ ਵਿੱਚ ਪੂਰਨ ਲੂਣਾ ਮਿੱਥ ਦੀ ਪੇਸ਼ਕਾਰੀ ਦੇ ਸਨਮੁੱਖ ਪੰਜਾਬੀ ਸਾਹਿਤ ਦੇ ਆਧਾਰ ਉੱਤੇ ਦੋ ਭਾਗ ਬਣਾਏ ਗਏ ਹਨ- ਮੱਧਕਾਲੀ ਪੰਜਾਬੀ ਸਾਹਿਤ ਤੇ ਆਧੁਨਿਕ ਪੰਜਾਬੀ ਸਾਹਿਤ। ਮੱਧਕਾਲੀ ਪੰਜਾਬੀ ਸਾਹਿਤ ਵਿੱਚ ਕਿੱਸਾ ਕਾਵਿ ਦੇ ਪੱਖ ਤੋਂ ਪੂਰਨ ਲੂਣਾ ਮਿੱਥ ਦੀ ਸਾਹਿਤਕ ਪੇਸ਼ਕਾਰੀ ਨੂੰ ਅਧਿਐਨ ਦਾ ਬਿੰਦੂ ਬਣਾਇਆ ਗਿਆ ਹੈ ਅਤੇ ਆਧੁਨਿਕ ਪੰਜਾਬੀ ਸਾਹਿਤ ਵਿੱਚ ਪ੍ਰਚਲਿਤ ਵਿਭਿੰਨ ਸਾਹਿਤ ਰੂਪਾਂ ਜਿਵੇਂ ਕਿੱਸਾ ਬਿਰਤਾਂਤਿਕ ਸਾਹਿਤ, ਆਧੁਨਿਕ ਕਵਿਤਾ, ਨਾਟਕ, ਕਾਵਿ ਨਾਟਕ ਤੇ ਗਲਪ ਦੇ ਪੱਖ ਤੋਂ ਪੇਸ਼ ਹੋਈ ਉਕਤ ਮਿੱਥ ਸਿਰਜਣਾ ਨੂੰ ਵਿਸ਼ਲੇਸ਼ਤ ਕੀਤਾ ਗਿਆ ਹੈ। ਅਧਿਆਇ ਤੀਜਾ ਕਾਦਰਯਾਰ ਰਚਿਤ ਕਿੱਸਾ ਪੂਰਨ ਭਗਤ ਵਿੱਚ ਔਰਤ ਦੀ ਹੋਂਦ ਦਾ ਪ੍ਰਸ਼ਨ ਬਣਾਇਆ ਗਿਆ ਹੈ। ਅਧਿਆਇ ਚੌਥਾ ਪ੍ਰੋ. ਪੂਰਨ ਸਿੰਘ ਰਚਿਤ ਪੂਰਨ ਨਾਥ ਜੋਗੀ ਵਿੱਚ ਔਰਤ ਦੀ ਹੋਂਦ ਦਾ ਪ੍ਰਸ਼ਨ ਤਸਲੀਮ ਕੀਤਾ ਗਿਆ ਹੈ। ਇਸ ਵਿੱਚ ਪਿਤਰਸੱਤਾ ਅਤੇ ਸਾਮੰਤਵਾਦੀ ਨੈਤਿਕ ਵਿਹਾਰ ਪ੍ਰਤੀ ਪੂਰਨ ਸਿੰਘ ਦੇ ਨਜ਼ਰੀਏ ਦੀ ਪੜਚੋਲ ਕੀਤੀ ਗਈ ਹੈ। ਅਧਿਆਇ ਪੰਜਵਾਂ ਪ੍ਰੋ. ਦੀਦਾਰ ਸਿੰਘ ਰਚਿਤ ਕਥਾ ਕਾਵਿ ਲੂਣਾ ਵਿੱਚ ਔਰਤ ਦੀ ਹੋਂਦ ਦਾ ਪ੍ਰਸ਼ਨ ਨਿਸ਼ਚਿਤ ਕੀਤਾ ਹੈ। ਅਧਿਆਇ ਛੇਵਾਂ ਸ਼ਿਵ ਕੁਮਾਰ ਬਟਾਲਵੀ ਰਚਿਤ ਲੂਣਾ ਅਤੇ

ਔਰਤ ਦੀ ਹੋਂਦ ਦੇ ਮਸਲੇ ਸਥਾਪਿਤ ਕੀਤੇ ਗਏ। ਇਸ ਵਿੱਚ ਪਿੱਤਰ ਸੱਤਾ ਸਨਾਤਨੀ ਨੈਤਿਕ ਮਰਿਆਦਾ ਮਰਦਾਵੇਂ ਕਾਮ ਵਿਹਾਰ ਤੇ ਔਰਤ ਦੀ ਸੁੱਚਤਾ ਪ੍ਰਤੀ ਸ਼ਿਵ ਕੁਮਾਰ ਦੀ ਦ੍ਰਿਸ਼ਟੀ ਨੂੰ ਪ੍ਰਕਾਸ਼ਮਾਨ ਕੀਤਾ ਗਿਆ ਹੈ। ਅਧਿਆਇ ਸੱਤਵਾਂ ਇਕਬਾਲ ਰਾਮੂਵਾਲੀਆ ਰਚਿਤ 'ਪਲੰਘ ਪੰਘੂੜਾ' ਔਰਤ ਦੀ ਪਛਾਣ ਦਾ ਮਸਲਾ ਬਣਾਇਆ ਗਿਆ ਹੈ। ਇਸ ਵਿੱਚ ਪੱਛਮੀ ਸਮਾਜ ਦੇ ਸੰਦਰਭ ਵਿੱਚ ਔਰਤ ਮਰਦ ਸੰਬੰਧਾਂ, ਕਾਮ ਖੁੱਲ੍ਹ, ਨਵੇਂ ਨੈਤਿਕ ਪ੍ਰਤਿਮਾਨ ਤੇ ਔਰਤ ਦੀ ਆਰਥਿਕ ਸਮਾਜਿਕ ਸੱਭਿਆਚਾਰਕ ਸਥਿਤੀ ਦਾ ਅਧਿਐਨ ਕੀਤਾ ਗਿਆ ਹੈ। "ਇਕਬਾਲ ਔਰਤ ਦੀ ਪਛਾਣ ਸਥਾਪਤ ਕਰਨ ਲਈ ਸਦੀਆਂ ਪੁਰਾਣੀਆਂ ਨੈਤਿਕ ਕੀਮਤਾਂ ਨੂੰ ਤਿਆਗਣ ਦੀ ਗੱਲ ਕਰਦਾ ਹੈ। ਮਰਦ ਨਾਰੀ ਦੀਆਂ ਮਨੋਂ ਸਰੀਰਕ ਲੋੜਾਂ ਨੂੰ ਸਮਝਣ ਤੋਂ ਇਨਕਾਰੀ ਹੁੰਦਾ ਹੋਇਆ ਸੰਸਕਾਰਾਂ ਦੀ ਓਟ ਲੈਂਦਾ ਹੈ, ਜੋਂ ਉਸਦੀ ਭਾਂਜਵਾਦੀ ਰੁਚੀ ਹੈ।"[3]

## ਪੂਰਨ ਭਗਤ ਅਤੇ ਹਿਪੋਲਾਈਤਸ ਤੇ ਫੀਦਰਾ ਦੀਆਂ ਮਿੱਥਾਂ ਦਾ ਤੁਲਾਤਮਕ ਅਧਿਅਐਨ

**ਖੋਜਾਰਥੀ ਛਿੰਦਰ ਪਾਲ ਕੌਰ** **ਨਿਗਰਾਨ ਕੇਸਰ ਸਿੰਘ**

ਖੋਜਾਰਥੀ ਦੁਆਰਾ ਇਹ ਖੋਜ-ਪ੍ਰਬੰਧ ਸੰਨ 1984 ਵਿੱਚ ਛੇ ਅਧਿਆਇਆਂ ਵਿੱਚ ਵੰਡ ਕੇ ਸੰਪੂਰਨ ਕੀਤਾ ਗਿਆ ਹੈ। ਪਹਿਲੇ ਅਧਿਆਇ ਵਿੱਚ ਪੰਜਾਬੀ ਅਵਦਾਨ ਅਤੇ ਕਥਾਵਾਂ ਦੇ ਲੋਕਧਰਾਈ ਸੋਮਿਆਂ ਬਾਰੇ ਚਰਚਾ ਕੀਤੀ ਗਈ ਹੈ। ਅਧਿਆਇ ਦੂਜੇ ਵਿੱਚ ਪੂਰਨ ਭਗਤ ਦੀ ਕਥਾ ਦੀ ਪ੍ਰਾਚੀਨਤਾ ਬਾਰੇ ਦੱਸਿਆ ਗਿਆ ਹੈ। ਅਧਿਆਇ ਤੀਜੇ ਵਿੱਚ ਪੂਰਨ ਭਗਤ ਦੀ ਕਥਾ ਦਾ ਸਾਹਿਤਕ ਵਿਕਾਸ ਦੱਸਿਆ ਗਿਆ ਹੈ। ਅਧਿਆਇ ਚੌਥਾ ਹਿਪੋਲਾਈਤਸ ਅਤੇ ਫੀਦਰਾਂ ਦੀ ਯੁਨਾਨੀ ਮਿੱਥ ਦਾ ਸਾਹਿਤਿਕ ਵਿਕਾਸ ਹੈ। ਅਧਿਆਇ ਪੰਜਵਾਂ ਥੀਮ ਤੇ ਰੂਪਾਂਤਰਨ ਦਾ ਸਾਹਿਤ ਵਿਕਾਸ ਹੈ। ਅਧਿਆਇ ਛੇਵਾਂ ਪੂਰਨ ਅਤੇ ਹਿਪੋਲਾਈਤਸ ਤੇ ਫੀਦਰਾਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ।

## ਪੂਰਨ ਭਗਤ ਦੇ ਪੰਜਾਬੀ ਕਿੱਸਿਆਂ ਦਾ ਆਲੋਚਨਾਤਮਕ ਅਤੇ ਤੁਲਨਾਤਮਕ ਅਧਿਐਨ

**ਖੋਜਾਰਥੀ ਅਮਰ ਨਾਥ ਅਮਰ** **ਨਿਗਰਾਨ ਵੀ. ਐੱਨ. ਤਿਵਾਰੀ**

ਖੋਜਾਰਥੀ ਦੁਆਰਾ ਇਹ ਖੋਜ-ਪ੍ਰਬੰਧ ਸੰਨ 1974 ਵਿੱਚ ਸੱਤ ਅਧਿਆਇਆਂ ਵਿੱਚ ਵੰਡ ਕੇ ਕੀਤਾ ਗਿਆ ਹੈ। ਪਹਿਲਾ ਅਧਿਆਇ ਭਾਰਤੀ ਲੋਕ-ਕਥਾਵਾਂ ਦੇ ਪ੍ਰਸੰਗ ਵਿੱਚ ਪੂਰਨ ਭਗਤ ਦੀ ਕਥਾ ਹੈ। ਅਧਿਆਇ ਦੂਜਾ ਕਾਦਰਯਾਰ ਦੀ ਕਥਾ 'ਪੂਰਨ ਭਗਤ' ਦੇ ਮੂਲ ਸੋਮੇ ਅਤੇ ਉਸ ਦੀ ਰਚਨਾ ਦੇ ਕਾਲ ਦਾ ਵਿਸ਼ਲੇਸ਼ਣ ਹੈ। ਇਸ ਅਧਿਆਇ ਅੰਤਰਗਤ ਪੂਰਨ ਭਗਤ ਦੀ ਕਹਾਣੀ ਦੇ ਮੂਲ ਸੋਮਿਆਂ ਬਾਰੇ ਦੱਸਦੇ ਹੋਏ ਚੌਰੰਗੀ ਨਾਥ ਦੀ 'ਪ੍ਰਾਣ ਸੰਗਲੀ' ਦਾ ਮੁਲਾਂਕਣ ਕੀਤਾ ਗਿਆ ਹੈ। ਅਧਿਆਇ ਤੀਜਾ ਦੇ ਅੰਤਰਗਤ ਪੰਜਾਬੀ ਕਿੱਸਾ ਕਾਵਿ ਦਾ ਪਿਛੋਕੜ ਦੱਸਦੇ ਹੋਏ ਪੂਰਨ ਭਗਤ ਦੇ ਪ੍ਰਮੁੱਖ ਕਿੱਸਾਕਾਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਤੋਂ ਬਾਅਦ ਆਧੁਨਿਕ ਪ੍ਰਵੇਸ਼ ਵਿੱਚ ਪੂਰਨ ਭਗਤ ਦੀ ਕਹਾਣੀ ਦਾ ਸਾਹਿਤਕ ਮੁਲਾਂਕਣ ਅਤੇ ਸਿੱਟੇ ਨਿਰਧਾਰਿਤ ਕੀਤੇ ਗਏ ਹਨ। ਅਧਿਆਇ ਚੌਥਾ ਪੂਰਨ ਭਗਤ ਦੀ ਕਹਾਣੀ ਦਾ ਵਿਕਾਸ ਤੇ ਤੁਲਨਾਤਮਕ ਅਧਿਐਨ ਪੂਰਨ ਭਗਤ ਦੀ ਕਹਾਣੀ ਦਾ ਇਤਿਹਾਸਿਕ, ਮਿਥਿਹਾਸਿਕ ਅਤੇ ਸਮਕਾਲੀ ਕਦਰਾਂ ਕੀਮਤਾਂ ਦੇ ਪੱਖ ਤੋਂ ਮੁਲਾਂਕਣ ਕੀਤਾ ਗਿਆ ਹੈ। ਪੂਰਨ ਭਗਤ ਦੇ ਨਾਟਕ ਤੇ ਕਿੱਸਿਆ ਦੀ ਕਹਾਣੀ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਅਧਿਆਇ ਪੰਜਵਾਂ ਕਿੱਸੇ ਦੇ ਪਾਤਰਾਂ ਦਾ ਚਰਿਤਰ ਚਿਤਰਣ ਹੈ। ਅਧਿਆਇ ਛੇਵਾਂ ਪੂਰਨ ਭਗਤ ਦੇ ਕਿੱਸਿਆਂ ਦਾ ਵਿਸ਼ਾ ਵਸਤੂ ਕਾਵਿ ਬਣਤਰ ਤੇ ਉਹਨਾਂ ਵਿੱਚ ਹੋਰ ਪ੍ਰਸਥਿਤੀਆਂ ਤੇ

ਪ੍ਰਵਿਰਤੀਆਂ ਦਾ ਵਰਣਨ ਕੀਤਾ ਗਿਆ। ਅਧਿਆਇ ਸੱਤਵਾਂ ਸਮੁੱਚੇ ਖੋਜ-ਪ੍ਰਬੰਧ ਦਾ ਮੁਲਾਂਕਣ ਕਰਦੇ ਹੋਏ ਇਸ ਅਧਿਆਇ ਅੰਤਰਗਤ ਸਮੁੱਚੇ ਖੋਜ-ਪ੍ਰਬੰਧ ਵਿੱਚੋਂ ਨਿਕਲੇ ਸਿੱਟਿਆਂ ਅਤੇ ਸਥਾਪਨਾਵਾਂ ਨੂੰ ਸਮੇਟਿਆ ਗਿਆ ਹੈ। ਸਮੁੱਚੇ ਖੋਜ-ਪ੍ਰਬੰਧ ਦੇ ਪ੍ਰਮੁੱਖ ਨੁਕਤਿਆਂ ਬਾਰੇ ਚਰਚਾ ਕੀਤੀ ਗਈ ਹੈ ਕਿ "ਸਾਰੇ ਕਿੱਸਾ ਕਵੀਆਂ ਨੇ-ਕਿੱਸੇ ਦੀ ਕਹਾਣੀ ਕਾਦਰਯਾਰ ਵਾਲੀ ਰੱਖੀ ਹੈ। ਭਾਵੇਂ ਕਈ ਕਵੀਆਂ ਨੇ ਸਲਵਾਨ ਦੀ ਇਤਿਹਾਸਕ ਜਾਣ ਪਹਿਚਾਣ ਕਰਵਾ ਕੇ,ਸਿਆਲਕੋਟ,ਲੂਣਾ,ਇੱਛਰਾਂ,ਗੁਰੂ ਗੋਰਖ ਬਾਰੇ ਇਤਿਹਾਸਕ ਮਿਥਿਹਾਸਕ ਹਵਾਲੇ ਦਿੱਤੇ ਹਨ।"[4]

**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਧੀਨ ਹੋਇਆ ਖੋਜ-ਕਾਰਜ (ਖੋਜ-ਪ੍ਰਬੰਧ)**

**ਕਿੱਸਾ ਪੂਰਨ ਭਗਤ (ਕਾਦਰਯਾਰ), ਕਿੱਸਾ ਰੂਪ ਬਸੰਤ (ਦੌਲਤ ਰਾਮ) ਦਾ ਲੋਕਯਾਨਿਕ ਅਧਿਐਨ (ਤੁਲਨਾਤਮਿਕ ਦ੍ਰਿਸ਼ਟੀ ਤੋਂ)**

**ਖੋਜਾਰਥੀ ਹਰਨੀਤ ਕੌਰ** **ਨਿਗਰਾਨ ਕੰਵਲਜੀਤ ਗਰੋਵਰ**

ਇਸ ਖੋਜ-ਕਾਰਜ ਨੂੰ ਪੰਜ ਅਧਿਆਇਆਂ ਵਿੱਚ ਵੰਡ ਕੇ 2005 ਵਿੱਚ ਸੰਪੂਰਨ ਕੀਤਾ ਗਿਆ ਹੈ। ਪਹਿਲੇ ਅਧਿਆਇ ਵਿੱਚ ਲੋਕਯਾਨ ਦੀ ਪਰਿਭਾਸ਼ਾ, ਸਰੂਪ ਤੇ ਸਾਹਿਤ ਨਾਲ ਸੰਬੰਧ ਪੇਸ਼ ਕੀਤਾ ਹੈ। ਦੂਜੇ ਭਾਗ ਵਿੱਚ ਲੋਕਯਾਨ ਦੇ ਮੁੱਖ ਸਰੋਕਾਰਾਂ ਦੀ ਗੱਲ ਕੀਤੀ ਗਈ ਹੈ। ਦੂਜੇ ਅਧਿਆਇ ਵਿੱਚ ਦੋਹਾਂ ਕਿੱਸਿਆਂ ਦੀ ਹੁਣ ਤੱਕ ਪ੍ਰਾਪਤ ਸਮੱਗਰੀ ਦੀ ਸਮੀਖਿਆ ਕੀਤੀ ਗਈ ਹੈ। ਤੀਜੇ ਅਧਿਆਇ ਵਿੱਚ ਕਿੱਸਾ ਪੂਰਨ ਭਗਤ ਦੇ ਰਚਨਾ ਪਾਠ ਨੂੰ ਕੇਂਦਰ ਬਣਾ ਕੇ ਉਸ ਦਾ ਲੋਕਯਾਨਿਕ ਅਧਿਐਨ ਕੀਤਾ ਗਿਆ ਹੈ। ਚੌਥੇ ਅਧਿਆਇ ਵਿੱਚ ਕਿੱਸਾ ਰੂਪ ਬਸੰਤ ਦੇ ਰਚਨਾ ਪਾਠ ਨੂੰ ਕੇਂਦਰ ਬਣਾ ਕੇ ਉਸ ਦਾ ਲੋਕਯਾਨਿਕ ਅਧਿਐਨ ਕੀਤਾ ਗਿਆ ਹੈ। ਪੰਜਵੇਂ ਅਧਿਆਇ ਵਿੱਚ ਕਿੱਸਾ ਰੂਪ ਬਸੰਤ ਅਤੇ ਕਿੱਸਾ ਪੂਰਨ ਭਗਤ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ।

**ਕਥਾ ਪੂਰਨ ਭਗਤ ਉੱਤੇ ਆਧਾਰਿਤ ਪੰਜਾਬੀ ਕਾਵਿ ਰਚਨਾਵਾਂ ਨਾਰੀਵਾਦੀ ਪਰਿਪੇਖ (ਕਿੱਸਾ ਪੂਰਨ ਭਗਤ, ਪੂਰਨ ਨਾਥ ਜੋਗੀ, ਲੂਣਾ ਅਤੇ ਸੁੰਦਰਾਂ ਦੇ ਪ੍ਰਸੰਗ ਵਿਚ)**

**ਖੋਜਾਰਥੀ ਮਨਜੀਤ ਰੰਧਾਵਾ** **ਨਿਗਰਾਨ ਡਾ. ਬਲਜੀਤ ਕੌਰ**

ਇਸ ਖੋਜ-ਕਾਰਜ ਨੂੰ ਛੇ ਅਧਿਆਇਆਂ ਵਿੱਚ ਵੰਡ ਕੇ 2004 ਵਿੱਚ ਸੰਪੂਰਨ ਕੀਤਾ ਗਿਆ ਹੈ। ਪਹਿਲੇ ਅਧਿਆਇ ਵਿੱਚ ਨਾਰੀਵਾਦ ਦੇ ਸਿਧਾਂਤਕ ਪਰਿਪੇਖ ਨੂੰ ਪੇਸ਼ ਕੀਤਾ ਗਿਆ ਹੈ। ਦੂਜੇ ਅਧਿਆਇ ਵਿੱਚ ਕਥਾ ਪੂਰਨ ਭਗਤ ਨਾਲ ਸੰਬੰਧਿਤ ਪੰਜਾਬੀ ਕਾਵਿ ਰਚਨਾਵਾਂ ਦੀ ਬਿਰਤਾਂਤ ਉਸਾਰੀ ਦਾ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਅਧਿਐਨ ਕੀਤਾ ਗਿਆ ਹੈ। ਤੀਜੇ ਅਧਿਆਇ ਵਿੱਚ ਅਧਿਐਨ ਦਾ ਵਿਸ਼ਾ ਬਣੀਆ ਰਚਨਾਵਾਂ ਦੇ ਪਾਤਰ ਚਿਤਰਣ ਨੂੰ ਨਾਰੀਵਾਦੀ ਦ੍ਰਿਸ਼ਟੀ ਤੋਂ ਪਰਖਿਆ ਗਿਆ ਹੈ। ਚੌਥੇ ਅਧਿਆਇ ਵਿੱਚ ਇਹਨਾਂ ਰਚਨਾਵਾਂ ਨੂੰ ਕਾਵਿ ਭਾਸ਼ਾ ਸ਼ੈਲੀ ਦੇ ਪੱਖ ਤੋਂ ਵਿਚਾਰਿਆ ਹੈ। ਪੰਜਵੇਂ ਅਧਿਆਇ ਵਿੱਚ ਇਹਨਾਂ ਰਚਨਾਵਾਂ ਦੇ ਅਧਾਰ ’ਤੇ ਇਹਨਾਂ ਵਿੱਚ ਪ੍ਰਸਤੁਤ ਨਾਰੀ ਪ੍ਰਤੀ ਦ੍ਰਿਸ਼ਟੀਕੋਣ ਨੂੰ ਉਭਾਰਿਆ ਗਿਆ ਹੈ। ਸਮੁੱਚੇ ਅਧਿਐਨ ਕਾਰਜ ਦੌਰਾਨ ਪ੍ਰਾਪਤ ਸਿੱਟਿਆਂ ਅਤੇ ਬਣਾਈਆਂ ਗਈਆਂ ਧਾਰਨਾਵਾਂ ਨੂੰ ਸਾਰ ਰੂਪ ਵਿੱਚ ਨਿਸ਼ਕਰਸ਼ ਸਿਰਲੇਖ ਹੇਠ ਅੰਕਿਤ ਕੀਤਾ ਗਿਆ ਹੈ। ਇਸ ਖੋਜ-ਕਾਰਜ ਬਾਰੇ ਲੇਖਿਕਾ ਇਹ ਸਪੱਸ਼ਟ ਕਰਦੀ ਹੈ ਕਿ "ਕਾਦਰਯਾਰ ਦਾ ਉਸਦੀ ਰਚਨਾ ਕਿੱਸਾ ਪੂਰਨ ਭਗਤ ਵਿੱਚ ਨਾਰੀ ਵਿਰੋਧੀ

ਰਵੱਈਆ ਪ੍ਰਤੱਖ ਹੈ। ਪੂਰਨ ਸਿੰਘ ਦੀ ਰਚਨਾ ਵਿੱਚ ਨਾਰੀ ਪ੍ਰਤਿ ਸੰਤੁਲਿਤ ਰਵੱਈਆ ਦ੍ਰਿਸ਼ਟੀਗੋਚਰ ਹੁੰਦਾ ਹੈ। ਸ਼ਿਵ ਕੁਮਾਰ ਆਪਣੀ ਰਚਨਾ ਵਿੱਚ ਇਸਤਰੀ ਜਾਤੀ ਦਾ ਸਮਾਜ ਵਿੱਚ ਵਿਸ਼ੇਸ਼ ਸਥਾਨ ਨਿਸ਼ਚਿਤ ਕਰਦਾ ਹੈ। ਮਨਜੀਤਪਾਲ ਕੌਰ ਨੇ ਕਾਵਿ ਨਾਟਕ ਸੁੰਦਰਾਂ ਦੀ ਮੁੱਖ ਪਾਤਰ ਸੁੰਦਰਾਂ ਰਾਹੀਂ ਪਿਤਰੀ ਸਮਾਜ ਨੂੰ ਵੰਗਾਰਿਆ ਹੈ।"[5]

## ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਅਧੀਨ ਹੋਇਆ ਖੋਜ-ਕਾਰਜ (ਖੋਜ-ਪ੍ਰਬੰਧ) ਕਿੱਸਾ ਰੂਪ ਬਸੰਤ ਅਤੇ ਕਿੱਸਾ ਪੂਰਨ ਭਗਤ ਦਾ ਤੁਲਨਾਤਮਕ ਅਧਿਐਨ

**ਖੋਜਾਰਥੀ ਜੀਵਨ ਜੋਤੀ ਸ਼ਰਮਾ** **ਨਿਗਰਾਨ ਡਾ. ਰਾਬਿੰਦਰ ਸਿੰਘ**

ਇਸ ਖੋਜ-ਪ੍ਰਬੰਧ ਨੂੰ ਖੋਜਾਰਥੀ ਨੇ ਸੰਨ 2011 ਵਿੱਚ ਪੰਜ ਅਧਿਆਇਆਂ ਅਧੀਨ ਵੰਡਿਆ ਹੈ। ਪਹਿਲਾ ਅਧਿਆਇ ਪੰਜਾਬੀ ਕਿੱਸਾ ਕਾਵਿ ਅਤੇ ਤੁਲਨਾਤਮਕ ਅਧਿਐਨ ਸਿਧਾਂਤਕ ਅਤੇ ਇਤਿਹਾਸਿਕ ਪਰਿਪੇਖ ਹੈ। ਜਿਸ ਵਿੱਚ ਖੋਜਾਰਥੀ ਨੇ ਕਿੱਸਾ ਕਾਵਿ ਵਾਲੇ ਭਾਗ ਵਿੱਚ ਕਿੱਸਾ ਸ਼ਬਦ ਦੀ ਵਿਉਂਤਪਤੀ, ਅਰਥ, ਪਰਿਭਾਸ਼ਾ, ਪਿਛੋਕੜ, ਕਿੱਸਾ-ਕਾਵਿ ਤੇ ਭਾਰਤੀ ਕਥਾ ਪਰੰਪਰਾ, ਯੂਨਾਨੀ ਪ੍ਰਭਾਵਾਂ ਦੀ ਚਰਚਾ ਕਰਦੇ ਹੋਏ ਕਿੱਸੇ ਦੇ ਲੱਛਣ, ਵਰਗੀਕਰਨ ਅਤੇ ਇਤਿਹਾਸ 'ਤੇ ਚਰਚਾ ਕੀਤੀ ਹੈ। ਇਸੇ ਅਧਿਆਇ ਦੇ ਦੂਜੇ ਭਾਗ ਵਿੱਚ ਤੁਲਨਾਤਮਕ ਅਧਿਐਨ ਦਾ ਅਰਥ, ਪਰਿਭਾਸ਼ਾ, ਪਿਛੋਕੜ, ਇਤਿਹਾਸ ਮਹੱਤਵ ਦੇ ਖੇਤਰ ਨੂੰ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ। ਦੂਜਾ ਅਧਿਆਇ ਕਿੱਸਾ ਰੂਪ ਬਸੰਤ ਤੇ ਪੂਰਨ ਭਗਤ ਦੀ ਕਾਵਿ ਪਰੰਪਰਾ ਸਰਵੇਖਣ ਤੇ ਮੁਲਾਂਕਣ ਹੈ ਜਿਸ ਵਿੱਚ ਖੋਜਾਰਥੀ ਨੇ ਕਿੱਸਾ ਕਾਵਿ ਦੀਆਂ 'ਰੂਪ ਬਸੰਤ' ਤੇ 'ਪੂਰਨ ਭਗਤ' ਦੀ ਕਾਵਿ ਪਰੰਪਰਾ 'ਤੇ ਚਰਚਾ ਕਰਦੇ ਹੋਏ ਇਹਨਾਂ ਪਰੰਪਰਾਵਾਂ ਵਿੱਚ ਹਿੱਸਾ ਪਾਉਣ ਵਾਲੇ ਕਿੱਸਾਕਾਰਾਂ ਦੀਆਂ ਰਚਨਾਵਾਂ ਨੂੰ ਸਾਹਮਣੇ ਲਿਆਉਣ ਦਾ ਉਪਰਾਲਾ ਕੀਤਾ ਹੈ। ਤੀਜਾ ਅਧਿਆਇ 'ਰੂਪ ਬਸੰਤ' ਤੇ 'ਪੂਰਨ ਭਗਤ' ਕਥਾਨਕ ਸਰੋਤ ਕਥਾਨਕ ਸਾਂਝ ਤੇ ਕਥਾਨਕ ਰੂੜ੍ਹੀਆਂ ਹੈ। ਇਹਨਾਂ ਦੋਵੇਂ ਕਥਾਵਾਂ ਦੇ ਮੂਲ ਨੂੰ ਖੋਜਣ ਦਾ ਯਤਨ ਕਰਦਾ ਹੈ। ਚੌਥਾ ਅਧਿਆਇ ਕਿੱਸਾ 'ਰੂਪ ਬਸੰਤ' ਤੇ 'ਪੂਰਨ ਭਗਤ' ਦੇ ਵਿਸ਼ੇਗਤ ਪਾਸਾਰ ਤੁਲਨਾਤਮਕ ਅਧਿਐਨ ਹੈ ਜਿਸ ਅਧੀਨ ਦੋਹਾਂ ਕਿੱਸਿਆਂ ਦੇ ਵਿਸ਼ੇ ਦੇ ਪ੍ਰਮੁੱਖ ਪੱਖਾਂ ਨੂੰ ਛੋਹਣ ਦਾ ਯਤਨ ਕੀਤਾ ਗਿਆ ਹੈ। ਦੋਹਾਂ ਕਿੱਸਿਆ ਵਿੱਚੋਂ ਲਈਆਂ ਨੈਤਿਕ ਤੇ ਸਦਾਚਾਰਕ ਕੀਮਤਾਂ, ਰਾਜਸੀ ਪ੍ਰਬੰਧ ਅਤੇ ਸਮਾਜ ਤੇ ਸੱਭਿਆਚਾਰਕ ਚਿਤਰਣ ਪੱਖੋਂ ਤੁਲਨਾਤਮਕ ਚਰਚਾ ਕੀਤੀ ਗਈ ਹੈ। ਪੰਜਵਾਂ ਅਧਿਆਇ ਕਿੱਸਾ 'ਰੂਪ ਬਸੰਤ' ਤੇ 'ਪੂਰਨ ਭਗਤ' ਦੀ ਕਿੱਸਾਕਾਰੀ ਤੇ ਕਾਵਿ ਕਲਾ ਤੁਲਨਾਤਮਕ ਅਧਿਐਨ ਹੈ। ਜਿਸ ਅਧੀਨ ਖੋਜਾਰਥੀ ਨੇ ਕਿੱਸਿਆਂ ਦੇ ਮੰਗਲਾਚਰਨ, ਬਾਹਰਮੁਖੀ ਵਿਸਥਾਰ, ਪਰਾਸਰੀਰਕਤਾ, ਬਿਰਤਾਂਤ ਕਲਾ, ਮਨਬਚਨੀਆ, ਸੰਵਾਦ, ਹੋਣੀ, ਇਸਤਰੀ ਨਿੰਦਿਆ ਜਿਹੇ ਪੱਖਾਂ ਨੂੰ ਲੈ ਕੇ ਤੁਲਨਾ ਕੀਤੀ ਹੈ। ਦੂਜੇ ਭਾਗ ਵਿੱਚ ਕਾਵਿਕ ਪੱਖਾਂ ਅਧੀਨ ਪਾਤਰ ਚਿਤਰਣ, ਰਸ ਅਲੰਕਾਰ, ਛੰਦ ਅਤੇ ਭਾਸ਼ਾ ਸ਼ੈਲੀ ਦੇ ਪੱਖੋਂ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। "ਖੋਜ-ਕਾਰਜ ਦੇ ਅੰਤ ਉੱਤੇ ਲੇਖਿਕਾ ਇਹ ਧਾਰਨਾ ਪੇਸ਼ ਕਰਦੀ ਹੈ ਕਿ ਇਹ ਦੋਵੇਂ ਰਚਨਾਵਾਂ ਦਾ ਕੇਂਦਰੀ ਥੀਮ ਭਾਵੇਂ ਸਦਾਚਾਰਕ ਤੇ ਨੈਤਿਕ ਕਦਰਾਂ ਕੀਮਤਾਂ ਦੀ ਬਹਾਲੀ ਵਿਚ ਨਿਹਿਤ ਹੈ ਪਰ ਇਹਨਾਂ ਕਿੱਸਿਆਂ ਵਿੱਚੋਂ ਸਮਕਾਲੀ ਸਮਾਜ ਵਿਚਲੀਆਂ ਕੁਰੀਤੀਆਂ,ਭੈੜੀ ਸਮਾਜਿਕ ਵਿਵਸਥਾ ਤੇ ਅਨਿਆਇ ਪੂਰਨ ਰਾਜ ਪ੍ਰਬੰਧ ਸੰਬੰਧੀ ਵੀ ਪਤਾ ਚਲਦਾ ਹੈ।"[6]

**ਐੱਮ.ਫਿਲ. ਪੱਧਰ 'ਤੇ ਹੋਇਆ ਖੋਜ-ਕਾਰਜ (ਖੋਜ-ਨਿਬੰਧ)**

**ਪੰਜਾਬੀ ਵਿੱਚ ਪੂਰਨ ਭਗਤ ਦੀ ਪਰੰਪਰਾ ਅਤੇ ਆਤਮਜੀਤ ਦਾ ਨਾਟਕ ਪੂਰਨ ਭਗਤ ਇੱਕ ਅਧਿਐਨ**

**ਖੋਜਾਰਥੀ ਸਤਨਾਮ ਕੌਰ** **ਨਿਗਰਾਨ ਡਾ. ਕਰਮਜੀਤ ਸਿੰਘ**

ਇਸ ਵਿਸ਼ੇ ਦੇ ਅਧਿਐਨ ਲਈ ਖੋਜ-ਨਿਬੰਧ ਨੂੰ ਛੇ ਅਧਿਆਵਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਅਧੀਨ ਲੋਕਾਂ ਵਿੱਚ ਪ੍ਰਚਲਿਤ ਪੂਰਨ ਭਗਤ ਦੀ ਕਥਾ ਅਤੇ ਉਸ ਨਾਲ ਸੰਬੰਧਿਤ ਗਾਏ ਜਾਣ ਵਾਲੇ ਲੋਕ ਗੀਤਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਅਧਿਆਇ ਨੂੰ ਪੇਸ਼ ਕਰਨ ਦਾ ਮੁੱਖ ਮਕਸਦ ਇਹ ਹੈ ਕਿ ਲੋਕਾਂ ਵਿੱਚ ਪੂਰਨ ਭਗਤ ਦੀ ਲੋਕਪ੍ਰਿਯਤਾ ਅਤੇ ਉਸ ਨੂੰ ਲੋਕ ਨਾਇਕ ਦਾ ਦਰਜਾ ਪ੍ਰਾਪਤ ਹੋਣ ਬਾਰੇ ਜਾਣ ਸਕੀਏ। ਦੂਜਾ ਅਧਿਆਇ ਕਾਦਰਯਾਰ ਦਾ ਪੂਰਨ ਭਗਤ ਹੈ ਕਿਉਂ ਜੋ ਕਾਦਰਯਾਰ ਪਹਿਲਾਂ ਕਿੱਸਾਕਾਰ ਹੋਇਆ ਜਿਸ ਨੇ ਲੋਕਾਂ ਵਿੱਚ ਪ੍ਰਚਲਿਤ ਇਸ ਕਥਾ ਨੂੰ ਪਹਿਲੀ ਵਾਰ ਸਾਹਿਤਕ ਰੂਪ ਦੇ ਕੇ ਇਸ ਨੂੰ ਸਦਾ ਲਈ ਅਮਰ ਕਰ ਦਿੱਤਾ। ਤੀਜੇ ਅਧਿਆਇ ਵਿੱਚ ਦੱਸਿਆ ਗਿਆ ਹੈ ਕਿ ਹਰ ਸਮੇਂ ਦੇ ਲੇਖਕ ਨੇ ਪੂਰਨ ਭਗਤ ਦੀ ਕਥਾ ਨੂੰ ਨਵੇਂ ਅਰਥ ਦਿੱਤੇ ਹਨ। ਕਿਸ ਤਰ੍ਹਾਂ ਸਮੇਂ-ਸਮੇਂ 'ਤੇ ਇਸ ਕਥਾ ਨਾਲ ਸੰਬੰਧਿਤ ਪਾਤਰਾਂ ਨੂੰ ਵਿਚਾਰਿਆ ਗਿਆ ਹੈ। ਚੌਥੇ ਅਧਿਆਇ ਵਿੱਚ ਆਤਮਜੀਤ ਦੀ ਰਚਨਾ ਦ੍ਰਿਸ਼ਟੀ ਹੈ ਕਿਉਂ ਜੋ ਆਤਮਜੀਤ ਦੇ ਨਾਟਕ 'ਪੂਰਨ' ਨਾਲ ਸਾਡਾ ਸਰੋਕਾਰ ਹੈ। ਇਸ ਲਈ ਲੇਖਕ ਦੀ ਰਚਨਾ ਦ੍ਰਿਸ਼ਟੀ ਬਾਰੇ ਜਾਣਨਾ ਜ਼ਰੂਰੀ ਬਣ ਜਾਂਦਾ ਹੈ। ਪੰਜਵੇਂ ਅਧਿਆਇ ਵਿੱਚ ਆਤਮਜੀਤ ਦੇ ਨਾਟਕ 'ਪੂਰਨ' 'ਤੇ ਚਰਚਾ ਕੀਤੀ ਗਈ ਹੈ। ਇਸ ਵਿੱਚ ਪੂਰਨ ਦੇ ਅਸਤਿਤਵੀ ਸੰਤਾਪ ਨੂੰ ਵਿਸ਼ਲੇਸ਼ਿਤ ਕਰਨ ਦਾ ਯਤਨ ਕੀਤਾ ਗਿਆ ਹੈ। ਛੇਵੇਂ ਅਧਿਆਇ ਵਿੱਚ 'ਪੂਰਨ' ਨਾਟਕ ਦੀ ਰੰਗਮੰਚੀ ਵਿਸ਼ੇਸ਼ਤਾਂ ਨੂੰ ਪੇਸ਼ ਕੀਤਾ ਗਿਆ ਹੈ। ਮੰਤਵ ਇਹ ਰਿਹਾ ਹੈ ਕਿ ਆਤਮਜੀਤ ਦੇ ਨਾਟਕ ਪੂਰਨ ਨੂੰ ਪਰੰਪਰਾ ਦੇ ਪ੍ਰਸੰਗ ਵਿੱਚ ਵਿਸ਼ਲੇਸ਼ਿਤ ਕੀਤਾ ਜਾਏ ਤੇ ਇਸ ਦੀ ਸਮਕਾਲੀ ਅਤੇ ਸਾਹਿਤਕ ਮਹੱਤਤਾ ਨੂੰ ਉਜਾਗਰ ਕੀਤਾ ਜਾਵੇ।

**ਪੰਜਾਬੀ ਕਾਵਿ ਪਰੰਪਰਾ ਵਿੱਚ ਉਭਰਦੇ ਪੂਰਨ ਭਗਤ ਦੇ ਚਰਿੱਤਰ ਦਾ ਅਧਿਐਨ**

**ਖੋਜਾਰਥੀ ਕੁਲਦੀਪ ਸਿੰਘ** **ਨਿਗਰਾਨ ਡਾ. ਆਰ. ਐੱਸ. ਭੱਟੀ**

ਇਹ ਖੋਜ-ਨਿਬੰਧ ਨੂੰ ਸੰਨ 2002 ਵਿੱਚ ਚਾਰ ਅਧਿਆਇ ਅਧੀਨ ਵੰਡਿਆ ਗਿਆ ਹੈ। ਪਹਿਲਾ ਅਧਿਆਇ ਪੰਜਾਬੀ ਕਾਵਿ ਪਰੰਪਰਾ ਵਿੱਚ ਪ੍ਰਾਪਤ ਪੂਰਨ ਭਗਤ ਦੀ ਕਥਾ ਹੈ। ਇਸ ਅਧਿਆਇ ਵਿੱਚ ਲੋਕ ਗੀਤਾਂ ਤੋਂ ਲੈ ਕੇ ਆਧੁਨਿਕ ਕਵਿਤਾ ਵਿੱਚ ਪੇਸ਼ ਪੂਰਨ ਭਗਤ ਦੀ ਕਥਾ ਦਾ ਅਧਿਐਨ ਕੀਤਾ ਗਿਆ ਹੈ। ਦੂਜੇ ਅਧਿਆਇ ਵਿੱਚ ਕਾਦਰਯਾਰ ਦੀ ਰਚਨਾ ਪੂਰਨ ਭਗਤ ਨੂੰ ਆਧਾਰ ਬਣਾ ਕੇ ਉਸ ਵਿੱਚੋਂ ਉਭਰਦੇ ਪੂਰਨ ਭਗਤ ਦੇ ਚਰਿੱਤਰ ਦਾ ਅਧਿਐਨ ਕੀਤਾ ਗਿਆ ਹੈ। ਤੀਜਾ ਅਧਿਆਇ ਪ੍ਰੋ. ਪੂਰਨ ਸਿੰਘ ਦੀ ਰਚਨਾ ਪੂਰਨ ਨਾਥ ਜੋਗੀ 'ਤੇ ਆਧਾਰਿਤ ਹੈ। ਚੌਥੇ ਅਧਿਆਇ ਵਿੱਚ ਸ਼ਿਵ ਕੁਮਾਰ ਦੀ ਰਚਨਾ ਲੂਣਾ ਨੂੰ ਆਧਾਰ ਬਣਾ ਕੇ ਉਸ ਵਿੱਚੋਂ ਉੱਭਰਦੇ ਪੂਰਨ ਭਗਤ ਦੇ ਚਰਿੱਤਰ ਨੂੰ ਉਘਾੜਿਆ ਗਿਆ ਹੈ। ਅੰਤ ਵਿੱਚ ਨਿਸ਼ਕਰਸ਼ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਕਾਦਰਯਾਰ ਅਤੇ ਪ੍ਰੋ. ਪੂਰਨ ਸਿੰਘ ਦੀ ਰਚਨਾਵਾਂ ਦੇ ਆਧਾਰ 'ਤੇ ਪੂਰਨ ਭਗਤ ਦਾ ਜੋ ਚਰਿਤਰ ਉੱਭਰਦਾ ਹੈ, ਉਸ ਵਿੱਚ ਥੋੜ੍ਹਾ ਬਹੁਤ ਹੀ ਅੰਤਰ ਮਿਲਦਾ ਹੈ ਪ੍ਰੰਤੂ ਸ਼ਿਵ ਕੁਮਾਰ ਬਟਾਲਵੀ ਦੀ ਰਚਨਾ ਵਾਲਾ ਪੂਰਨ ਭਗਤ ਇੱਕ ਕ੍ਰਾਂਤੀਕਾਰੀ ਨਾਇਕ ਹੈ।

**ਸਿੱਟਾ**: ਉਪਰੋਕਤ ਖੋਜ-ਕਾਰਜਾਂ ਨੂੰ ਘੋਖਣ ਤੋਂ ਬਾਅਦ ਇਹ ਸਿੱਟੇ ਕੱਢੇ ਗਏ ਹਨ ਕਿ ਪੰਜਾਬੀ ਨਾਟਕਾਂ ਦੇ ਸੰਦਰਭ ਵਿੱਚ ਪੂਰਨ ਭਗਤ ਦੀ ਕਥਾ ਬਾਰੇ ਖੋਜ-ਕਾਰਜ ਹੋਇਆ ਨਹੀਂ ਮਿਲਦਾ। ਇਸ ਕਥਾ ਨੂੰ ਕੇਵਲ ਲੋਕਧਾਰਾ, ਰਸ ਸਿਧਾਂਤ, ਚਿੰਨ੍ਹ ਵਿਗਿਆਨ, ਬਿਰਤਾਂਤ ਸ਼ਾਸ਼ਤਰੀ ਅਧਿਐਨ, ਤੁਲਨਾਤਮਕ ਜਾਂ ਆਲੋਚਨਾਤਮਕ ਅਧਿਐਨ ਆਦਿ ਵਿਸ਼ਿਆਂ ਉੱਤੇ ਖੋਜ-ਕਾਰਜ ਹੋਇਆ ਮਿਲਦਾ ਹੈ। ਜ਼ਿਆਦਾਤਰ ਕਾਦਰਯਾਰ, ਪ੍ਰੋ.ਪੂਰਨ ਸਿੰਘ, ਸ਼ਿਵ ਕੁਮਾਰ ਦੀਆਂ ਰਚਨਾਵਾਂ ਨੂੰ ਹੀ ਖੋਜ ਦਾ ਕੇਂਦਰੀ ਬਿੰਦੂ ਬਣਾਇਆ ਗਿਆ ਹੈ। ਦਿੱਲੀ ਯੂਨੀਵਰਸਿਟੀ ਵਿੱਚ ਇਸ ਵਿਸ਼ੇ ਸੰਬੰਧੀ ਕੋਈ ਖੋਜ ਕਾਰਜ ਪ੍ਰਾਪਤ ਨਹੀਂ ਹੋਇਆ ਹੈ। ਪੂਰਨ ਭਗਤ ਦੀ ਕਥਾ ਸੰਬੰਧੀ ਪੰਜਾਬੀ ਨਾਟਕ ਦੇ ਸੰਦਰਭ ਵਿੱਚ ਨਾਮਾਤਰ ਖੋਜ-ਕਾਰਜ ਹੋਇਆ ਮਿਲਦਾ ਹੈ।

ਖੋਜ-ਕਾਰਜਾਂ ਦੇ ਅਧਿਐਨ ਤੋਂ ਅਸੀਂ ਇਸ ਸਿੱਟੇ ’ਤੇ ਪਹੁੰਚਦੇ ਹਾਂ ਕਿ ਪੂਰਨ ਭਗਤ ਦੀ ਕਥਾ ਨੂੰ ਲੈ ਕੇ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਬਹੁਤ ਸਾਰਾ ਖੋਜ-ਕਾਰਜ ਹੋਇਆ ਮਿਲਦਾ ਹੈ। ਇਹ ਖੋਜ-ਕਾਰਜਾਂ ਦਾ ਮਨੋਰਥ ਕਿਉਂਕਿ ਕਿਸੇ ਡਿਗਰੀ ਦਾ ਹਾਸਿਲ ਹੈ, ਇਸ ਲਈ ਇਸਦੀ ਸੀਮਾ ਤੈਅ ਹੈ। ਇਹ ਖੋਜ-ਕਾਰਜ ਵੱਖਰੀਆਂ-ਵੱਖਰੀਆਂ ਆਲੋਚਨਾਤਮਕ ਵਿਧੀਆਂ ਅਤੇ ਆਲੋਚਨਾਤਮਕ ਪ੍ਰਣਾਲੀਆਂ ਨੂੰ ਆਧਾਰ ਬਣਾਉਂਦੇ ਹਨ। ਇਹਨਾਂ ਖੋਜ ਕਾਰਜਾਂ ਨੂੰ ਸੰਪੂਰਨ ਕਰਨ ਲਈ ਖੋਜਾਰਥੀ ਆਪਣੇ ਲਈ ਇੱਕ ਸੀਮਾ ਨਿਸ਼ਚਿਤ ਕਰਦਾ ਹੈ ਅਤੇ ਉਸ ਦੇ ਅਨੁਸਾਰ ਹੀ ਖੋਜ-ਕਾਰਜ ਨੂੰ ਅੰਜਾਮ ਤੱਕ ਪਹੁੰਚਾਉਂਦਾ ਹੈ। ਇਹਨਾਂ ਖੋਜ-ਕਾਰਜਾਂ ਵਿੱਚੋਂ ਸਾਨੂੰ ਮੁੱਖ ਰੂਪ ਵਿੱਚ ਸੱਭਿਆਚਾਰਕ ਦ੍ਰਿਸ਼ਟੀ ਤੋਂ ਹੋਇਆ ਖੋਜ-ਕਾਰਜ, ਲੋਕਧਾਰਾਈ ਦ੍ਰਿਸ਼ਟੀ ਤੋਂ ਹੋਇਆ ਖੋਜ-ਕਾਰਜ, ਭਾਸ਼ਾਈ ਦ੍ਰਿਸ਼ਟੀ ਤੋਂ ਹੋਇਆ ਖੋਜ-ਕਾਰਜ, ਬਿਰਤਾਂਤ ਦ੍ਰਿਸ਼ਟੀ ਤੋਂ ਹੋਇਆ ਖੋਜ-ਕਾਰਜ, ਆਲੋਚਨਾਤਮਕ ਦ੍ਰਿਸ਼ਟੀ ਤੋਂ ਹੋਇਆ ਖੋਜ ਕਾਰਜ ਅਤੇ ਵਿਭਿੰਨ ਚਿੰਤਨ ਪ੍ਰਣਾਲੀਆਂ ਨੂੰ ਆਧਾਰ ਬਣਾ ਕੇ ਕੀਤੇ ਹੋਏ ਖੋਜ-ਕਾਰਜ ਮਿਲਦੇ ਹਨ। ਇਹ ਸਾਰੇ ਖੋਜ-ਕਾਰਜ ਆਪਣੇ ਆਪ ਅੰਦਰ ਪੂਰਨ ਭਗਤ ਦੀ ਕਥਾ ਨੂੰ ਫਰੋਲਣ ਵਿੱਚ ਮਦਦਗਾਰ ਸਾਬਿਤ ਹੁੰਦੇ ਹਨ ਜਿਨ੍ਹਾਂ ਤੋਂ ਸਾਨੂੰ ਬਹੁਤ ਮਹੱਤਵਪੂਰਨ ਜਾਣਕਾਰੀ ਹਾਸਿਲ ਹੁੰਦੀ ਹੈ।

## ਹਵਾਲੇ


1. ਧਰਮ ਸਿੰਘ(ਡਾ.), ਪੰਜਾਬੀ ਸਾਹਿਤ ਅਕਾਦਮੀ, ਦਿੱਲੀ, 2021, ਪੰਨਾ 82
2. ਗੁਰਮੀਤ ਸਿੰਘ, ਪੰਜਾਬੀ ਨਾਟਕਾਂ ਵਿੱਚ ਲੋਕ-ਕਥਾਵਾਂ ਦਾ ਪੁਨਰ-ਸਿਰਜਣ 1900-1986 ਈਸਵੀ ਤਕ, ਪ੍ਰਕਾਸ਼ਿਤ ਖੋਜ-ਪ੍ਰਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 253
3. ਹਰਪਿੰਦਰ ਕੌਰ, ਪੂਰਨ-ਲੂਣਾ ਮਿੱਥ ਬਾਰੇ ਪ੍ਰਾਪਤ ਪੰਜਾਬੀ ਕਾਵਿ ਵਿੱਚ ਔਰਤ ਦੀ ਹੋਂਦ ਦੇ ਮਸਲੇ, ਅਪ੍ਰਕਾਸ਼ਿਤ ਖੋਜ-ਪ੍ਰਬੰਧ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਨਾ 413
4. ਅਮਰ ਨਾਥ ਅਮਰ, ਪੰਜਾਬੀ ਕਿੱਸਿਆਂ ਦਾ ਆਲੋਚਨਾਤਮਿਕ ਅਤੇ ਤੁਲਨਾਤਮਿਕ ਅਧਿਐਨ, ਅਪ੍ਰਕਾਸ਼ਿਤ ਖੋਜ-ਪ੍ਰਬੰਧ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਨਾ 294
5. ਮਨਜੀਤ ਰੰਧਾਵਾ, ਨਾਰੀਵਾਦੀ ਪਰਿਪੇਖ(ਕਿੱਸਾ ਪੂਰਨ ਭਗਤ,ਪੂਰਨ ਨਾਥ ਜੋਗੀ,ਲੂਣਾ ਅਤੇ ਸੁੰਦਰਾਂ ਦੇ ਵਿਸ਼ੇਸ਼ ਪ੍ਰਸੰਗ ਵਿੱਚ), ਪ੍ਰਕਾਸ਼ਿਤ ਖੋਜ-ਪ੍ਰਬੰਧ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਨਾ 227

6. ਜੀਵਨ ਜੋਤੀ ਸ਼ਰਮਾ, ਕਿੱਸਾ ਰੂਪ ਬਸੰਤ ਅਤੇ ਕਿੱਸਾ ਪੂਰਨ ਭਗਤ ਦਾ ਤੁਲਨਾਤਮਕ ਅਧਿਐਨ, ਅਪ੍ਰਕਾਸ਼ਿਤ ਖੋਜ-ਪ੍ਰਬੰਧ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, ਪੰਨਾ 338